# ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ,
# ਐਸ.ਸੀ.ਓ. 128-129, ਸੈਕਟਰ 34-ਏ, ਚੰਡੀਗੜ੍ਹ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਵਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਅਧੀਨ ਡਾ: ਅੰਬੇਡਕਰ ਪੋਰਟਲ 'ਤੇ ਆਨਲਾਈਨ ਅਪਲਾਈ ਕਰਨ ਸਬੰਧੀ।

**ਅਪਲਾਈ ਕਰਨ ਲਈ ਪਾਤਰਤਾ:**

- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀਜ਼ ਅਧੀਨ ਪੰਜਾਬ ਰਾਜ ਦੇ ਬੋਨਾਫਾਈਡ ਅਨੁਸੂਚਿਤ ਜਾਤੀ ਦੇ ਵਿਦਿਆਰਥੀ, ਜਿਨ੍ਹਾਂ ਦੇ ਮਾਤਾ ਪਿਤਾ/ਸਰਪ੍ਰਸਤਾਂ ਦੀ ਸਾਲਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਭਾਰਤ ਵਿਚ ਉਚੇਰੀ ਵਿੱਦਿਆ ਦੇ ਵਜ਼ੀਫੇ ਦੇ ਯੋਗ ਹਨ।
- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਓ.ਬੀ.ਸੀ. ਅਧੀਨ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ, ਜਿਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 1.50 ਲੱਖ ਰੁਪਏ ਤੋਂ ਘੱਟ ਹੋਵੇ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਉਚੇਰੀ ਵਿਦਿਆ ਦੇ ਵਜੀਫੇ ਦੇ ਯੋਗ ਹਨ।

**ਪੋਰਟਲ:**

- ਯੋਗ ਵਿਦਿਆਰਥੀਆਂ ਤੋਂ ਆਨਲਾਈਨ ਅਰਜ਼ੀਆਂ ਪ੍ਰਾਪਤ ਕਰਨ ਲਈ ਭਲਾਈ ਵਿਭਾਗ ਵਲੋਂ ਵੈੱਬਸਾਈਟ www.punjabscholarships.gov.in 'ਤੇ ਡਾ: ਅੰਬੇਡਕਰ ਸਕਾਲਰਸ਼ਿਪ ਪੋਰਟਲ ਮਿਤੀ 04.11.2019 ਤੋਂ ਚਾਲੂ ਹੋਵੇਗਾ, ਜਿਸ ਅਨੁਸਾਰ ਸ਼ਡਿਊਲ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | Activity Schedule 2019-20 | |
|---|---|---|
| 1. | Opening of portal | 4 November, 2019 |
| 2. | The last date for submission of online applications by the students (fresh & Renewal cases) to the institutes | 30 November, 2019 |
| 3. | The last date for institutes to send the online proposals to the approving authority/Sanctioning authority. | 10 December, 2019 |
| 4. | The last date for the approving authority to send online proposals to line departments/ Sanctioning departments for scholarship. | 30 December, 2019 |
| 5. | The last date for line departments/Sanctioning departments to send online proposals to welfare department for Scholarship. | 10 January, 2020 |
| 6. | Portal will be closed on 10 Jan. 2020 at 10.00PM | |

**ਨਵੀਂ ਵਿਧੀ:**

- ਵਿਦਿਆਰਥੀਆਂ ਵਲੋਂ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ 'ਤੇ ਰਜਿਸਟਰ ਕਰਨ ਲਈ ਉਸ ਦਾ ਆਧਾਰ ਨੰਬਰ ਹੋਣਾ ਜ਼ਰੂਰੀ ਹੈ। ਗਲਤ ਆਧਾਰ ਕਾਰਡ 'ਤੇ ਵਿਦਿਆਰਥੀ ਪੋਰਟਲ 'ਤੇ ਰਜਿਸਟਰ ਨਹੀਂ ਕਰ ਸਕਦਾ। ਵਿਦਿਆਰਥੀ ਇਕ ਤੋਂ ਵੱਧ ਸੰਸਥਾਵਾਂ ਵਿਚ ਰਜਿਸਟਰ/ਅਪਲਾਈ ਨਹੀਂ ਕਰ ਸਕਦਾ।

**ਦਸਤਾਵੇਜ਼:**

- ਵਿਦਿਆਰਥੀ ਵਲੋਂ ਆਨ ਲਾਈਨ ਅਪਲਾਈ ਕਰਦੇ ਸਮੇਂ ਹਸਤਾਖਰਸ਼ੁਦਾ ਨਿਰਧਾਰਤ ਅੰਡਰਟੇਕਿੰਗ ਸਮੇਤ ਫੋਟੋ, ਜਾਤੀ ਸਰਟੀਫਿਕੇਟ, ਤਹਿਸੀਲਦਾਰ ਵਲੋਂ ਜਾਰੀ ਆਮਦਨ ਸਰਟੀਫਿਕੇਟ ਅਪਲੋਡ ਕੀਤੇ ਜਾਣਗੇ।
- Income declaration of self employed parents/guardian should be in the form of a certificate issued by Revenue officer not below the rank of Tehsildar, Employed parents/guardians are required to obtain income certificate from their employer. Employed parents/guardians should obtain consolidated certificate from Revenue Officer for any other additional source of income.
- ਵਿਦਿਅਕ ਸੰਸਥਾ ਵਲੋਂ ਅਰਜੀਆਂ ਫਾਰਵਰਡ ਕਰਦੇ ਸਮੇਂ ਹਸਤਾਖਰਸ਼ੁਦਾ ਨਿਰਧਾਰਤ ਅੰਡਰਟੇਕਿੰਗ ਵੀ ਅਪਲੋਡ ਕੀਤੀ ਜਾਵੇਗੀ।

**ਸੈਂਕਸ਼ਨਿੰਗ ਅਥਾਰਿਟੀ:**

- +1, +2 ਡਾਇਟ, ਆਈ.ਟੀ.ਆਈਜ਼, ਨਰਸਿੰਗ, ਪੈਰਾ ਮੈਡੀਕਲ (ਸਰਕਾਰੀ/ਪ੍ਰਾਈਵੇਟ) ਲਈ ਜ਼ਿਲ੍ਹਾ ਸਿੱਖਿਆ ਅਫਸਰ (ਸ) ਸਬੰਧਤ ਸੰਸਥਾ (ਸਰਕਾਰੀ/ ਪ੍ਰਾਈਵੇਟ) ਦਾ ਮੁਖੀ ਅਤੇ ਤਹਿਸੀਲ ਭਲਾਈ ਅਫਸਰ 'ਤੇ ਅਧਾਰਤ ਸੈਂਕਸ਼ਨਿੰਗ ਅਥਾਰਿਟੀ ਗਠਿਤ ਕੀਤੀ ਗਈ ਹੈ।
- ਡਿਗਰੀ ਕਾਲਜਾਂ, ਨਾਨ-ਟੈਕਨੀਕਲ, ਟੈਕਨੀਕਲ, ਪੋਲੀਟੈਕਨਿਕ, ਮੈਡੀਕਲ, ਮੈਨੇਜਮੈਂਟ ਅਤੇ ਯੂਨੀਵਰਸਿਟੀਆਂ (ਸਰਕਾਰੀ/ਪ੍ਰਾਈਵੇਟ) ਲਈ ਸਬੰਧਿਤ ਉਪ ਮੰਡਲ ਮੈਜਿਸਟ੍ਰੇਟ, ਸਬੰਧਤ ਸੰਸਥਾ (ਸਰਕਾਰੀ/ਪ੍ਰਾਈਵੇਟ) ਦਾ ਮੁਖੀ/ਯੂਨੀਵਰਸਿਟੀ ਦਾ ਨੁਮਾਇੰਦਾ ਅਤੇ ਤਹਿਸੀਲ ਭਲਾਈ ਅਫਸਰ ਤੇ ਅਧਾਰਤ ਸੈਂਕਸ਼ਨ ਅਥਾਰਟੀ ਗਠਿਤ ਕੀਤੀ ਗਈ ਹੈ।

**ਸੰਪਰਕ:**

- ਜੇਕਰ ਕਿਸੇ ਵਿਦਿਆਰਥੀ ਨੂੰ ਆਨਲਾਈਨ ਅਪਲਾਈ ਕਰਨ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਉਹ ਵਿਦਿਆਰਥੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਖੋਜ ਅਤੇ ਮੈਡੀਕਲ ਸਿੱਖਿਆ ਅਤੇ ਪਸ਼ੂ ਪਾਲਣ ਵਿਭਾਗ ਦੇ ਨੋਡਲ ਅਫਸਰ, ਜਿਨ੍ਹਾਂ ਦੀ ਪੋਰਟਲ ਦੀ ਹੈਲਪ ਡੈਸਕ ਤੇ ਕੰਟੈਕਟ ਨੰਬਰ ਡਿਸਪਲੇਅ ਹਨ, ਨਾਲ ਸੰਪਰਕ ਕਰ ਸਕਦੇ ਹਨ।

ਸਹੀ/- ਡਿਪਟੀ ਡਾਇਰੈਕਟਰ

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ, ਚੰਡੀਗੜ੍ਹ।**

(ਫੋਨ: 0172-600588, 2605454)

DPR/05 Nov. 19/D-7314